**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ**

**ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ**

**(ਵਜੀਫਾ ਸ਼ਾਖਾ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)(ਈਮੇਲ ਰਾਹੀਂ)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ (ਵੈਬਸਾਈਟ ਰਾਹੀਂ)

ਮੀਮੋ ਨੰ. ਈ-69266/2024/15475
ਮਿਤੀ:- 08-05-2024

**ਵਿਸ਼ਾ:- ਸ਼ੈਸਨ 2024-25 ਦੌਰਾਨ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸ਼ੈਸਨ 2024-25 ਦੌਰਾਨ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਲਈ ਜਲਦ ਹੀ ***ਈ-ਪੰਜਾਬ ਪੋਰਟਲ*** **ਅਤੇ ਨੈਸ਼ਨਲ ਸਕਾਲਰਸਿਪ ਪੋਰਟਲ** ਖੋਲਿਆ ਜਾਣਾ ਹੈ। ਇਸ ਲਈ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਸਮੇਂ ਹੇਠ ਦਰਸਾਏ ਅਨੁਸਾਰ ਦਿਸਾ ਨਿਰਦੇਸ਼ ਧਿਆਨ ਵਿੱਚ ਰੱਖਣੇ ਯਕੀਨੀ ਬਣਾਏ ਜਾਣ :-

1. ਸ਼ੈਸਨ 2024-25 ਦੌਰਾਨ ਦਾਖਲੇ ਸ਼ੁਰੂ ਹੋ ਚੁੱਕੇ ਹਨ। ਇਸ ਲਈ ਵੱਖ-ਵੱਖ ਸੈਂਟਰਲੀ / ਸਟੇਟ ਸਪਾਂਸ਼ਰਡ ਵਜੀਫਾ ਸਕੀਮਾਂ ਅਧੀਨ ਅਪਲਾਈ ਕਰਵਾਉਣ ਲਈ ਯੋਗ ਵਿਦਿਆਰਥੀਆਂ ਦੀ ਚੋਣ ਦਾਖਲੇ ਸਮੇਂ ਹੀ ਕਰ ਲਈ ਜਾਵੇ।
2. ਜਿਹੜੇ ਵਿਦਿਆਰਥੀ ਵਜੀਫੇ ਦੇ ਯੋਗ ਹਨ, ਉਹਨਾਂ ਦੇ ਲੋੜੀਂਦੇ ਦਸਤਾਵੇਜ ਜਿਵੇਂ ਕਿ ਇਨਕਮ ਸਰਟੀਫਿਕੇਟ, ਕਿੱਤਾ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਡੋਮੀਸਾਈਲ ਸਰਟੀਫਿਕੇਟ,ਆਧਾਰ ਨੰਬਰ ਆਦਿ ਤੁਰੰਤ ਬਣਾ ਲਏ ਜਾਣ। ਯੋਗ ਵਿਦਿਆਰਥੀਆਂ ਦੇ ਬੈਂਕ ਅਕਾਊਂਟ ਐਕਟਿਵ ਹੋਣੇ ਚਾਹੀਦੇ ਹਨ ਅਤੇ ਬੈਂਕ ਖਾਤਾ ਆਧਾਰ ਨਾਲ ਸੀਡਿਡ ਹੋਣਾ ਚਾਹੀਦਾ ਅਤੇ ਮਰਜ ਹੋਇਆ ਬੈਂਕਾਂ ਦੇ IFSC ਕੋਡ ਅਪਡੇਟ ਹੋਣੇ ਚਾਹੀਦੇ ਹਨ। ਇਸ ਲਈ ਇਸ ਸਬੰਧੀ ਤੁਰੰਤ ਧਿਆਨਪੂਰਵਕ ਕਾਰਵਾਈ ਕਰ ਲਈ ਜਾਵੇ।
3. ਵਜੀਫਾ ਅਪਲਾਈ ਕਰਨ ਸਮੇਂ ਆਉਂਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਸਕੂਲ ਪੱਧਰ ਤੇ ਸਕੂਲ ਮੁਖੀ ਨੂੰ *ਇਨਸਟੀਚਿਊਟ ਨੋਡਲ ਅਫਸਰ* ਅਤੇ ਜਿਲਾ ਪੱਧਰ ਤੇ ਜਿਲਾ ਸਿੱਖਿਆ ਅਫਸਰ ਨੂੰ *ਜਿਲਾ ਸ਼ੈਂਕਸਨਿੰਗ ਅਥਾਰਟੀ* ਨਿਯੁਕਤ ਕੀਤਾ ਹੋਇਆ ਹੈ।
4. **ਈ-ਪੰਜਾਬ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਨ ਵਿੱਚ ਜੇਕਰ ਕਿਸੇ ਵੀ ਸਮੱਸਿਆ ਦਾ ਸਮਾਧਾਨ ਸਕੂਲ ਪੱਧਰ ਤੇ ਜਾਂ ਜਿਲਾ ਪੱਧਰ ਤੇ ਨਹੀਂ ਹੁੰਦਾ ਹੈ ਤਾਂ ਕਾਰਨ ਸਪੱਸ਼ਟ ਕਰਦੇ ਹੋਏ, ਮੁੱਖ ਦਫਤਰ ਨੂੰ ਸਮੱਸਿਆਵਾ ਦਾ ਨਿਪਟਾਰਾ ਕਰਨ ਲਈ** scholarshipgrievance@gmail.com **ਤੇ ਈਮੇਲ ਕੀਤੀ ਜਾਵੇ।**

Scanned with CamScanner

Scanned with OKEN Scanner

5. ਪਿਛਲੇ ਸ਼ੈਸਨ ਦੌਰਾਨ ਕੁੱਝ ਵਿਦਿਆਰਥੀਆਂ ਦੇ ਰਿਕਾਰਡ ਪੂਰੀ ਤਰ੍ਹਾਂ ਨਾ ਘੋਖਦੇ ਹੋਏ ਕੁੱਝ ਅਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾ ਦਿਤਾ ਗਿਆ ਸੀ, ਜਿਸ ਕਾਰਨ ਯੋਗ/ਅਯੋਗ ਵਿਦਿਆਰਥੀਆਂ ਦੇ ਡਾਟੇ ਦੀ ਚੋਣ ਕਰਨ ਵਿੱਚ ਵਿਭਾਗ ਦਾ ਕਾਫੀ ਕੀਮਤੀ ਸਮਾਂ ਨਸ਼ਟ ਹੁੰਦਾ ਹੈ। ਇਸ ਲਈ ਜਿਲਾ ਪੱਧਰ ਤੇ ਜਿਲਾ ਵਜੀਫਾ ਨੋਡਲ ਅਫਸਰ (ਸੈਕਸਨਿੰਗ ਅਥਾਰਟੀ) ਵਿਦਿਆਰਥੀਆਂ ਅਤੇ ਸਕੂਲਾਂ ਦਾ ਰਿਕਾਰਡ ਚੰਗੀ ਤਰ੍ਹਾਂ ਚੈੱਕ ਕਰਨ ਉਪਰੰਤ ਹੀ ਵੈਰੀਫਾਈ ਕਰਕੇ ਮੁੱਖ ਦਫਤਰ ਨੂੰ ਡਾਟਾ ਫਾਰਵਰਡ ਕਰਨ ਤਾਂ ਜੋ ਯੋਗ ਵਿਦਿਆਰਥੀਆਂ ਨੂੰ ਹੀ ਵਜੀਫੇ ਦੀ ਅਦਾਇਗੀ ਹੋਵੇ।

6. ਪਿਛਲੇ ਸਾਲਾਂ ਦੇ ਡਾਟੇ ਨੂੰ ਦੇਖਣ ਉਪਰੰਤ ਇਹ ਧਿਆਨ ਵਿੱਚ ਆਇਆ ਹੈ ਕਿ ਐਸ.ਸੀ. ਆਬਾਦੀ ਵੱਧ ਹੋਣ ਦੇ ਬਾਵਜੂਦ, ਅਪਲਾਈ ਕੀਤੇ ਵਿਦਿਆਰਥੀਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ। ਇਸ ਸਬੰਧੀ ਮਾਣਯੋਗ ਨੈਸ਼ਨਲ ਐਸ.ਸੀ. ਕਮਿਸ਼ਨ, ਨਵੀਂ ਦਿੱਲੀ, ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਪੋਰਟਲ ਤੇ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

7. ਸ਼ੈਸਨ 2024-25 ਦੌਰਾਨ ਈ-ਪੰਜਾਬ ਪੋਰਟਲ ਅਤੇ ਨੈਸ਼ਨਲ ਸਕਾਲਰਸਿਪ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਸੈਂਟਰਲੀ/ਸਟੇਟ ਸਪਾਂਸਰਡ ਵਜੀਫਾ ਸਕੀਮਾਂ ਦੀਆਂ ਗਾਈਡਲਾਈਨਜ਼ ਅਨੁਸਾਰ ਉਕਤ ਦਰਸਾਏ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ, ਜੇਕਰ ਮਿੱਥੇ ਸਮੇਂ ਦੇ ਅੰਦਰ-ਅੰਦਰ ਕੋਈ ਸਕੂਲ ਯੋਗ ਵਿਦਿਆਰਥੀਆਂ ਨੂੰ ਅਪਲਾਈ ਨਹੀਂ ਕਰਵਾਉਦਾ ਜਾਂ ਸਕੂਲ ਪੱਧਰ /ਜਿਲਾ ਪੱਧਰ ਤੋਂ ਡਾਟਾ ਸਮੇਂ ਸਿਰ ਮੁੱਖ ਦਫਤਰ ਨੂੰ ਪੁੱਜਦਾ ਨਹੀਂ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਸਬੰਧਤਾਂ ਤੇ ਬਣਦੀ ਕਾਰਵਾਈ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖ ਦਿਤਾ ਜਾਵੇਗਾ।

8. ਇਹ ਦੱਸਣਯੋਗ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-1) ਅਤੇ (ਕੰਪੋਨੈਂਟ-2) ਅਧੀਨ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਨ ਲਈ ਨੈਸ਼ਨਲ ਸਕਾਲਰਸਿਪ ਪੋਰਟਲ 1 ਜੂਨ 2024 ਤੋਂ ਖੋਲ ਦਿਤਾ ਜਾਵੇਗਾ, ਇਸ ਲਈ ਯੋਗ ਵਿਦਿਆਰਥੀਆਂ ਦੇ ਲੋੜੀਂਦੇ ਦਸਤਾਵੇਜ ਪਹਿਲਾ ਹੀ ਮੁਕੰਮਲ ਕਰਵਾ ਕੇ ਰਿਕਾਰਡ ਵਿੱਚ ਰੱਖ ਲਏ ਜਾਣ ਤਾਂ ਜੋ ਸਮੇਂ ਸਿਰ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਇਆ ਜਾ ਸਕੇ।

ਗੁਰਮੀਤ 08.05.2024
ਸਹਾਇਕ ਡਾਇਰੈਕਟਰ (ਵਜੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।
ਪਿੱਠ ਅੰਕਣ ਨੰ: ਜੀ-5/1(?)/2024/1346 ਮਿਤੀ: 14-05-2024
ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ / ਏਡਿਡ / ਪ੍ਰਾਈਵੇਟ ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

Scanned with CamScanner

ਜ਼ਿਲ੍ਹਾ ਸਿੱਖਿਆ ਅਫਸਰ (ਸੈ) ਬਠਿੰਡਾ 14/5/24

Scanned with OKEN Scanner